**International Journal of Research in Economics and Social Sciences(IJRESS)**
Available online at: http://euroasiapub.org
Vol. 13 Issue 6, June- 2023
ISSN(o): 2249-7382 | Impact Factor: 8.018 **Thomson Reuters Researcher ID: L-5236-2015**
**(An open access scholarly, peer-reviewed, interdisciplinary, monthly, and fully refereed journal.)**

# ਪ੍ਰਾਚੀਨ ਭਾਰਤੀ ਇਤਿਹਾਸ ਦੇ ਪ੍ਰਮੁੱਖ ਸ੍ਰੋਤ

**ਮਨਦੀਪ ਕੌਰ**,
ਅਸਿਸਟੈਂਟ ਪ੍ਰੋਫ਼ੈਸਰ, ਇਤਿਹਾਸ ਵਿਭਾਗ,
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ।

**ਸਾਰ:-** ਕਿਸੇ ਵੀ ਦੇਸ਼/ਪ੍ਰਦੇਸ਼ ਦਾ ਪ੍ਰਾਚੀਨ ਇਤਿਹਾਸ ਲਿਖਣਾ ਕੋਈ ਸੌਖਾ ਕਾਰਜ ਨਹੀਂ ਹੈ। ਇਤਿਹਾਸ-ਲੇਖਣ ਪ੍ਰਕਿਰਿਆ ਲਈ ਇਤਿਹਾਸਕਾਰ ਨੂੰ ਅਨੇਕਾਂ ਸ੍ਰੋਤਾਂ/ਸੋਮਿਆਂ ਨੂੰ ਘੋਖ ਕੇ ਕੁਝ ਨਿਸ਼ਚਿਤ ਸਿੱਟਿਆਂ ਤੱਕ ਪੁੱਜ ਕੇ ਤੇ ਪ੍ਰਾਪਤ-ਸ੍ਰੋਤਾਂ ਤੋਂ ਇੱਕਤਰਿਤ ਜਾਣਕਾਰੀ ਨੂੰ ਕਾਲ-ਵਿਸ਼ੇਸ਼ ਦੀ ਨਿਰਧਾਰਿਤ ਪਹੁੰਚ ਤੋਂ ਲੰਘਾ ਕੇ ਆਰੰਭ, ਸਿਖ਼ਰ ਤੇ ਅੰਤਲੇ ਪੜਾਵਾਂ ਵਿੱਚੋਂ ਗੁਜ਼ਾਰ ਕੇ ਇੱਕ ਸਾਂਚੇ ਵਿੱਚ ਢਾਲ ਕੇ ਕਾਲ-ਆਧਾਰਿਤ ਜੋੜੀਆਂ ਕੜੀਆਂ ਜ਼ਰ੍ਹੀਏ ਇਤਿਹਾਸ ਰੂਪ ਵਿੱਚ ਸਿਰਜਣਾ ਹੁੰਦਾ ਹੈ। ਪ੍ਰਾਚੀਨ ਭਾਰਤ ਦਾ ਇਤਿਹਾਸ ਰਚਣ ਸਮੇਂ ਵੀ ਇਤਿਹਾਸ-ਲੇਖਕਾਂ ਨੇ ਅਨੇਕਾਂ ਸੋਮਿਆਂ/ਸ੍ਰੋਤਾਂ ਤੋਂ ਸਮੱਗਰੀ ਲੈ ਕੇ ਅਧਿਐਨ ਕੀਤਾ ਹੋਵੇਗਾ ਤੇ ਆਪਣੇ ਦੁਆਰਾ ਕੱਢੇ ਸਿੱਟਿਆਂ ਦੇ ਆਧਾਰ ’ਤੇ ਅਜੋਕੇ ਪ੍ਰਾਚੀਨ ਭਾਰਤ ਦੇ ਇਤਿਹਾਸ ਨੂੰ ਸਿਰਜ ਕੇ ਲੋਕਾਂ ਸਾਹਮਣੇ ਪ੍ਰਸਤੁਤ ਕੀਤਾ ਹੋਵੇਗਾ। ਇਤਿਹਾਸ-ਲੇਖਕਾਂ ਦੁਆਰਾ ਕਾਲ-ਵਿਸ਼ੇਸ਼ ਦੀ ਨਿਰਧਾਰਿਤ ਪਹੁੰਚ ਦੇ ਆਧਾਰ ’ਤੇ ਸ੍ਰੋਤਾਂ/ਸੋਮਿਆਂ ਤੋਂ ਸਮਕਾਲ ਦੇ ਪ੍ਰਾਚੀਨ ਭਾਰਤ ਦੀ ਰਾਜਸੀ, ਸਮਾਜਿਕ, ਧਾਰਮਿਕ ਤੇ ਆਰਥਿਕ ਦਸ਼ਾ ਸੰਬੰਧੀ ਜੋ ਵੀ ਜਾਣਕਾਰੀ ਪ੍ਰਾਪਤ ਹੋਈ, ਉਸਨੂੰ ਤਰਤੀਬਵਾਰ ਕਾਲ-ਕ੍ਰਮ ਅਨੁਸਾਰ ਸੰਜੋਅ ਕੇ (ਮੜ੍ਹ ਕੇ) ਪ੍ਰਾਚੀਨ ਭਾਰਤ ਦਾ ਇਤਿਹਾਸ ਸਿਰਜ ਕੇ ਭਾਰਤ ਵਾਸੀਆਂ ਸਾਹਮਣੇ ਪ੍ਰਸਤੁਤ ਕੀਤਾ।

**ਮੁੱਖ ਸ਼ਬਦ:-** ਇਤਿਹਾਸ, ਭਾਰਤ, ਸ੍ਰੋਤ/ਸੋਮੇ, ਲੇਖਣ, ਸਮਾਜਿਕ, ਕਾਲ-ਕ੍ਰਮ, ਪੁਰਾਤੱਤਵ, ਪੁਰਾਣ, ਸਿੱਕੇ।

**ਜਾਣ-ਪਛਾਣ:-** ਮਨੁੱਖ ਦੇ ਜਨਮ ਤੋਂ 10ਵੀਂ ਸਦੀ ਤੱਕ ਦਾ ਭਾਰਤ ਦਾ ਇਤਿਹਾਸ ਪ੍ਰਾਚੀਨ ਭਾਰਤ ਦਾ ਇਤਿਹਾਸ ਅਖਵਾਉਂਦਾ ਹੈ। ਇਸ ਤੋਂ ਬਾਅਦ ਦੇ ਸਮੇਂ ਨੂੰ ਮੱਧਕਾਲ ਭਾਰਤ ਕਿਹਾ ਜਾਂਦਾ ਹੈ, ਜਿਸ ਵਿੱਚ ਮੁਗ਼ਲਾਂ ਦਾ ਦਬਦਬਾ ਸੀ।[1] ਪ੍ਰਾਚੀਨ ਭਾਰਤੀ ਇਤਿਹਾਸ ਲਿਖਣ ਵਾਲੇ ਇਤਿਹਾਸ-ਲੇਖਕਾਂ ਨੂੰ ਇਤਿਹਾਸ ਦੀ ਰਚਨਾ ਕਰਨ ਸਮੇਂ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਹੋਵੇਗਾ। ਖੋਜ-ਪੇਪਰ ਦੀ ਸੀਮਾ ਨੂੰ ਧਿਆਨ ਵਿੱਚ ਰੱਖਦੇ ਹੋਏ, ਇੱਥੇ ਅਸੀਂ ਸਮੱਸਿਆਵਾਂ ਨੂੰ ਛੱਡ ਕੇ ਪ੍ਰਾਚੀਨ ਭਾਰਤੀ ਇਤਿਹਾਸ ਲਿਖਣ ਵਿੱਚ ਸਹਾਇਕ ਸ੍ਰੋਤਾਂ/ਸੋਮਿਆਂ ਤੇ ਪ੍ਰਾਪਤ-ਸਮੱਗਰੀ ਬਾਰੇ ਵਿਚਾਰ ਚਰਚਾ ਕਰਾਂਗੇ। ਅਸਲ ਵਿੱਚ ਪ੍ਰਾਚੀਨ ਗ੍ਰੰਥਾਂ ਵਿਚਲੇ ਧਰਮ-ਦਰਸ਼ਨ ਤੇ ਇਤਿਹਾਸਿਕ ਬਿਰਤਾਂਤਾਂ, ਵਿਦੇਸ਼ੀ ਯਾਤਰੀਆਂ ਦੇ ਬਿਰਤਾਂਤ ਆਧਾਰਿਤ ਪੁਸਤਕਾਂ, ਪੁਰਾਤਨ ਸਿੱਕਿਆਂ, ਖੁਦੇ ਹੋਏ ਲੇਖਾਂ, ਭਵਨਾਂ/ਸਮਾਰਕਾਂ ਵਿੱਚ ਉੱਕਰੇ ਚਿੱਤਰਾਂ ਅਤੇ ਧਰਤੀ ਦੀ ਹਿੱਕ ਖੋਦ ਕੇ ਪ੍ਰਾਪਤ ਹੋਏ ਮਿੱਟੀ ਦੇ ਬਰਤਨਾਂ, ਹਥਿਆਰਾਂ, ਮੂਰਤੀਆਂ, ਮੋਹਰਾਂ ਅਤੇ ਹੱਡੀਆਂ ਦੇ ਪ੍ਰਾਪਤ ਢਾਂਚਿਆਂ ਦੀ ਮਦਦ ਨਾਲ ਅਤੇ ਹੋਰਨਾਂ ਵਿਭਿੰਨ ਸੋਮਿਆਂ ਤੋਂ ਪ੍ਰਾਪਤ ਸਮੱਗਰੀ ਦਾ ਤੁਲਨਾਤਮਕ ਅਧਿਐਨ ਕਰਕੇ ਇਤਿਹਾਸ-ਲੇਖਕਾਂ ਨੇ ਪ੍ਰਾਚੀਨ ਭਾਰਤ ਦਾ ਇਤਿਹਾਸ-ਰਚਣ ਵਿੱਚ ਕਾਫ਼ੀ ਹੱਦ ਤੱਕ ਸਫ਼ਲਤਾ ਪ੍ਰਾਪਤ ਕੀਤੀ ਹੈ। ਪ੍ਰਾਚੀਨ ਭਾਰਤ ਦਾ ਇਤਿਹਾਸ-ਸਿਰਜਣ ਵਿੱਚ ਪ੍ਰਯੁਕਤ ਹੋਏ ਸ੍ਰੋਤਾਂ/ਸੋਮਿਆਂ ਨੂੰ ਦੋ ਵਰਗਾਂ ਵਿੱਚ ਵੰਡ ਕੇ ਵਾਚਿਆ ਗਿਆ ਹੈ:

1. **ਸਾਹਿਤਕ ਸ੍ਰੋਤ**
2. **ਪੁਰਾਤੱਤਵੀ ਸ੍ਰੋਤ**

[1] R.C. Majumdar (General Editor), *The History and Culture of the Indian People: The Vedic Age*, Vol. I, Bharatiya Vidya Bhavan, Mumbai, 2017, p. 16

**International Journal of Research in Economics and Social Sciences(IJRESS)**
Available online at: http://euroasiapub.org
Vol. 13 Issue 6, June- 2023
ISSN(o): 2249-7382 | Impact Factor: 8.018 **Thomson Reuters Researcher ID: L-5236-2015**
**(An open access scholarly, peer-reviewed, interdisciplinary, monthly, and fully refereed journal.)**

1. **ਸਾਹਿਤਕ ਸ੍ਰੋਤ-** ਪ੍ਰਾਚੀਨ ਭਾਰਤੀ ਇਤਿਹਾਸ-ਸਿਰਜਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਸਾਹਿਤਕ ਸੋਮਿਆਂ ਨੂੰ ਧਾਰਮਿਕ ਸਾਹਿਤ, ਵਿਦੇਸ਼ੀ ਯਾਤਰੀਆਂ ਦੇ ਲਿਖਤੀ ਬਿਰਤਾਂਤ ਅਤੇ ਪ੍ਰਚੱਲਿਤ ਲੋਕ-ਸਾਹਿਤ ਆਦਿ ਵਰਗਾਂ/ਸ਼੍ਰੇਣੀਆਂ ਵਿੱਚ ਵੰਡ ਕੇ ਵਾਚਣ ਦਾ ਯਤਨ ਕਰਾਂਗੇ।

ਪ੍ਰਾਚੀਨ ਭਾਰਤੀ ਇਤਿਹਾਸ ਰਚਣ ਵਾਲੇ ਮੁੱਢਲੇ ਸ੍ਰੋਤਾਂ ਵਿੱਚ ਵੇਦਾਂ ਨੂੰ ਗਿਣਿਆ ਜਾਂਦਾ ਹੈ, ਜਿਨ੍ਹਾਂ ਦੀ ਗਿਣਤੀ ਚਾਰ ਹੈ। ਇਹ ਚਾਰ ਵੇਦ ਹਨ- ਰਿਗਵੇਦ, ਸਾਮਵੇਦ, ਯਜੁਰਵੇਦ ਤੇ ਅਥਰਵਵੇਦ। ਰਿਗਵੇਦ ਨੂੰ ਦੁਨੀਆਂ ਦੇ ਸਾਰੇ ਇਤਿਹਾਸਕਾਰ ਹਿੰਦ-ਯੂਰਪੀ ਭਾਸ਼ਾ-ਪਰਿਵਾਰ ਦੀ ਸਭ ਤੋਂ ਪਹਿਲੀ ਰਚਨਾ ਮੰਨਦੇ ਹਨ। ਇਹ ਦੁਨੀਆਂ ਦੇ ਸਰਵਪ੍ਰਥਮ ਗ੍ਰੰਥਾਂ ਵਿੱਚੋਂ ਇੱਕ ਹੈ।[2] ਰਿਗਵੇਦ ਵਿੱਚੋਂ ਸਾਨੂੰ ਆਰੀਆ ਦੇ ਭਾਰਤ ਵਿੱਚ ਪ੍ਰਸਾਰ, ਉਸ ਸਮੇਂ ਦੀਆਂ ਜਾਤੀਆਂ, ਸੰਘਰਸ਼, ਸ਼ਾਸਨ-ਪ੍ਰਣਾਲੀ, ਰਾਜਵੰਸ਼ਾਂ, ਧਾਰਮਿਕ-ਸਮਾਜਿਕ ਜੀਵਨ ਆਧਾਰਿਤ ਪਰੰਪਰਾਵਾਂ ਅਤੇ ਪ੍ਰਜਾਤੰਤਰਿਕ ਸਭਾਵਾਂ-ਸਮਿਤੀਆਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਬਾਕੀ ਤਿੰਨ ਵੇਦਾਂ ਤੋਂ ਵੀ ਸਾਨੂੰ ਉੱਤਰ-ਵੈਦਿਕ ਕਾਲੀਨ ਆਰੀਆ ਲੋਕਾਂ ਦੇ ਰਾਜਨੀਤਿਕ, ਸਮਾਜਿਕ, ਆਰਥਿਕ ਤੇ ਧਾਰਮਿਕ ਜੀਵਨ ਬਾਰੇ ਉਪਯੋਗੀ ਜਾਣਕਾਰੀ ਹਾਸਿਲ ਹੁੰਦੀ ਹੈ। ਵੇਦਾਂ ਤੋਂ ਇਲਾਵਾ ਉਪਨਿਸ਼ਦਾਂ, ਵੇਦਾਂਤਾਂ ਤੇ ਸਮ੍ਰਿਤੀਆਂ ਆਦਿ ਵਿੱਚੋਂ ਵੀ ਸਾਨੂੰ ਪ੍ਰਾਚੀਨ ਭਾਰਤ ਦੇ ਧਾਰਮਿਕ ਜੀਵਨ ਤੇ ਸਮਾਜਿਕ ਵਰਤ-ਵਿਹਾਰਾਂ ਬਾਰੇ ਪਤਾ ਲੱਗਦਾ ਹੈ।

'ਰਮਾਇਣ' ਅਤੇ 'ਮਹਾਂਭਾਰਤ' ਪ੍ਰਾਚੀਨ ਭਾਰਤ ਦੇ ਦੋ ਪ੍ਰਸਿੱਧ ਮਹਾਂਕਾਵਿ ਹਨ। ਮੂਲ ਰੂਪ ਵਿੱਚ ਇਹ ਦੋਵੇਂ ਧਾਰਮਿਕ ਗ੍ਰੰਥ ਹਨ, ਪ੍ਰੰਤੂ ਫਿਰ ਵੀ ਇਨ੍ਹਾਂ ਵਿੱਚ ਮਹਾਂਕਾਵਿ-ਕਾਲ ਦੀ ਤਤਕਾਲੀਨ ਰਾਜਸੀ ਵਿਵਸਥਾ, ਪ੍ਰਮੁੱਖ ਰਾਜਵੰਸ਼ਾਂ, ਰਾਜ-ਪਦਵੀਆਂ, ਧਾਰਮਿਕ-ਸੰਸਕ੍ਰਿਤਕ ਪਰੰਪਰਾਵਾਂ, ਯੁੱਧ-ਤਰੀਕਿਆਂ, ਅਸਤਰਾਂ-ਸ਼ਸਤਰਾਂ ਤੇ ਭਾਰਤੀ ਦਰਸ਼ਨ ਦੇ ਸਰੂਪ ਬਾਰੇ ਬਹੁਤ ਕੁਝ ਪਤਾ ਲੱਗਦਾ ਹੈ। ਪੁਰਾਣਾਂ ਵਿੱਚੋਂ 'ਭਵਿੱਖ, ਮਤੱਸਿਆ, ਵਾਯੂ, ਵਿਸ਼ਣੂੰ, ਬ੍ਰਹਮਾਂਡ ਤੇ ਭਾਗਵਤ-ਪੁਰਾਣ' ਆਦਿ ਇਤਿਹਾਸਿਕ ਦ੍ਰਿਸ਼ਟੀ ਤੋਂ ਵਧੇਰੇ ਮਹੱਤਤਾ ਰੱਖਦੇ ਹਨ। ਇਨ੍ਹਾਂ ਵਿੱਚੋਂ ਸਾਨੂੰ ਸੂਰਜਵੰਸ਼ੀ, ਚੰਦਰਵੰਸ਼ੀ, ਮਗਧ ਦੇ ਰਾਜਵੰਸ਼ਾਂ, ਹਸਤਨਾਪੁਰ ਦੇ ਪੁਰੂ ਰਾਜਿਆਂ, ਕੌਸ਼ਲ ਦੇ ਇਕਸ਼ਵਾਕੂ ਰਾਜਿਆਂ, ਨੰਦ ਵੰਸ਼, ਕੁਸ਼ਾਣ ਵੰਸ਼, ਮੌਰੀਆ ਵੰਸ਼, ਆਂਧਰਾ, ਸਿਸ਼ੂਨਾਗ ਵੰਸ਼ ਅਤੇ ਗੁਪਤ ਵੰਸ਼ ਦੇ ਸੰਬੰਧ ਵਿੱਚ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ, ਜੋ ਹੋਰ ਕਿਧਰੇ ਨਹੀਂ ਮਿਲਦੀ। ਮਹਾਂਕਾਵਿ ਕਾਲ ਅਤੇ ਮਗਧ ਦੇ ਜਨਮ ਦੇ ਵਿਚਕਾਰਲੇ ਸਮੇਂ ਦਾ ਕੇਵਲ ਮਾਤਰ ਇਤਿਹਾਸਿਕ ਸੋਮਾ ਪੁਰਾਣ ਹੀ ਹਨ। ਇਨ੍ਹਾਂ ਵਿੱਚ ਪ੍ਰਾਚੀਨ ਭਾਰਤੀ ਭੂਗੋਲ ਦੀ ਵੀ ਉਪਯੋਗੀ ਜਾਣਕਾਰੀ ਮਿਲਦੀ ਹੈ ਜਿਵੇਂ ਕਿ ਪ੍ਰਸਿੱਧ ਨਗਰਾਂ ਦੀ ਸਥਿਤੀ, ਉਨ੍ਹਾਂ ਦਾ ਇੱਕ ਦੂਜੇ ਤੋਂ ਫ਼ਾਸਲਾ, ਨਦੀਆਂ ਅਤੇ ਪਹਾੜਾਂ ਦਾ ਉਲੇਖ ਆਦਿ।[3]

ਬੋਧੀ ਗ੍ਰੰਥਾਂ ਤੋਂ ਵੀ ਸਾਨੂੰ ਪ੍ਰਾਚੀਨ ਭਾਰਤੀ ਇਤਿਹਾਸ-ਲਿਖਣ ਸੰਬੰਧੀ ਬਹੁਤ ਕੁਝ ਮਿਲ ਜਾਂਦਾ ਹੈ। ਇਹ ਗ੍ਰੰਥ ਗਿਣਤੀ ਵਿੱਚ ਤਿੰਨ ਹਨ, ਜਿਨ੍ਹਾਂ ਨੂੰ 'ਤ੍ਰਿਪਿਟਕ' ਆਖਿਆ ਜਾਂਦਾ ਹੈ, ਇਨ੍ਹਾਂ ਦੇ ਨਾਂ ਹਨ- ਵਿਨਯ-ਪਿਟਕ, ਸੁਤ-ਪਿਟਕ ਅਤੇ ਅਭਿਧਮ-ਪਿਟਕ। ਇਨ੍ਹਾਂ ਗ੍ਰੰਥਾਂ ਵਿੱਚੋਂ ਜਿੱਥੇ ਤੀਜੀ ਸਦੀ ਈਸਵੀ ਪੂਰਵ ਦੇ ਰਾਜਨੀਤਿਕ, ਸਮਾਜਿਕ ਤੇ ਆਰਥਿਕ ਜੀਵਨ ਬਾਰੇ ਪਤਾ ਲੱਗਦਾ ਹੈ, ਉੱਥੇ 'ਵਿਦਿਆਵਦਾਨ' ਅਤੇ 'ਮੰਜੂ ਸ੍ਰੀ ਮੂਲ ਕਲਪ' ਨਾਂ ਦੇ ਬੋਧੀ ਗ੍ਰੰਥਾਂ ਵਿੱਚ ਸਮਰਾਟ ਅਸ਼ੋਕ ਅਤੇ ਉਸਦੇ ਉੱਤਰਾਧਿਕਾਰੀਆਂ ਅਤੇ ਮੌਰੀਆ ਸ਼ਾਸਨ ਤੋਂ ਲੈ ਕੇ ਹਰਸ਼ਵਰਧਨ ਤੱਕ ਦੀਆਂ ਰਾਜਨੀਤਿਕ ਗਤੀਵਿਧੀਆਂ ਬਾਰੇ ਜਾਣਕਾਰੀ ਮਿਲਦੀ ਹੈ।

---

2 ਉਹੀ, ਪੰਨਾ 18-19

3 ਐਸ.ਪੀ. ਸਭੱਰਵਾਲ, *ਪ੍ਰਾਚੀਨ ਭਾਰਤ ਦਾ ਇਤਿਹਾਸ,* ਕੇ. ਦੁੱਗਲ ਐਂਡ ਕੋ ਐਜੂਕੇਸ਼ਨਲ ਪਬਲਿਸ਼ਰਜ਼, ਜਲੰਧਰ, 2017, ਪੰਨਾ 43-44

ਉਪਰੋਕਤ ਧਾਰਮਿਕ ਗ੍ਰੰਥਾਂ ਤੋਂ ਇਲਾਵਾ ਪੁਰਾਤਨ/ਪ੍ਰਾਚੀਨ ਭਾਰਤੀ ਲੇਖਕਾਂ ਦੇ ਮਿਲਦੇ ਵਿਆਕਰਣ, ਰਾਜਿਆਂ ਦੀਆਂ ਜੀਵਨ-ਚਰਿੱਤਰ ਲਿਖਤਾਂ, ਗਲਪੀ-ਸਾਹਿਤ ਤੇ ਲੋਕ ਸਾਹਿਤ ਵਿੱਚੋਂ ਤਤਕਾਲ ਦੇ ਜੀਵਨ-ਵਰਤਾਰਿਆਂ ਤੇ ਪ੍ਰਸ਼ਾਸਨਿਕ ਵਰਤਾਰਿਆਂ ਬਾਰੇ ਕਾਫ਼ੀ ਜਾਣਕਾਰੀ ਹਾਸਿਲ ਹੁੰਦੀ ਹੈ। ਇਨ੍ਹਾਂ ਸ੍ਰੋਤਾਂ ਵਿੱਚ 'ਪਾਣਿਨੀ ਦਾ ਅਸ਼ਟਾਧਿਆਇ', 'ਪਤੰਜਲੀ ਦਾ ਮਹਾਂਭਾਸ਼ਯ', 'ਬਾਣ-ਭੱਟ ਦੀ ਹਰਸ਼-ਚਰਿਤ', 'ਕਲਹਣ ਦੀ ਰਾਜਤਰੰਗਿਣੀ', 'ਸ਼ੰਆਕਰ ਨੰਦੀ ਦੀ ਰਾਮ-ਚਰਿਤ', 'ਬਿਲਹਣ ਦੀ ਵਿਕ੍ਰਮਾਂਕਦੇਵ ਚਰਿਤ', 'ਰਾਜਸ਼ੇਖਰ ਰਚਿਤ ਪ੍ਰਬੰਧ ਕੋਸ਼', ਜਿਆਨਕ ਦੀ 'ਪ੍ਰਿਥਵੀ ਰਾਜ ਵਿਜੇ', ਚਾਂਦ-ਬਰਦਾਰੀ ਦੀ 'ਪ੍ਰਿਥਵੀ ਰਾਜ ਰਾਸੋ' ਅਤੇ 'ਵਿਸ਼ਾਖਾਦੱਤ ਦੀ ਮੁਦਰਾਰਾਕਸ਼ਸ' ਆਦਿ ਰਚਨਾਵਾਂ ਪ੍ਰਮੁੱਖ ਹਨ। ਜਿਨ੍ਹਾਂ ਵਿੱਚ 'ਹਰਸ਼ ਚਰਿਤ' ਵਿੱਚੋਂ ਹਰਸ਼ਵਰਧਨ ਦੇ ਸਾਮਰਾਜ ਬਾਰੇ, 'ਮਹਾਂਭਾਸ਼ਯ' ਵਿੱਚ ਪੁਸ਼ਿਆ ਮਿੱਤਰ ਸ਼ੁੰਗ ਦੇ ਰਾਜਕਾਲ ਦੀਆਂ ਘਟਨਾਵਾਂ ਦਾ ਵਰਨਣ, 'ਰਾਜ ਤਰੰਗਿਣੀ' ਵਿੱਚੋਂ 12ਵੀਂ ਸਦੀ ਦੇ ਕਸ਼ਮੀਰ ਬਾਰੇ ਜਾਣਕਾਰੀ, 'ਰਾਮਚਰਿਤ' ਵਿੱਚ ਪਾਲ ਸ਼ਾਸਕ ਰਾਮਪਾਲ ਤੇ ਉਸਦੇ ਸ਼ਾਸਨ ਸੰਬੰਧੀ ਵਰਨਣ, 'ਪ੍ਰਿਥਵੀ ਰਾਜ ਰਾਸੋ' ਵਿੱਚ ਪ੍ਰਿਥਵੀ ਰਾਜ ਚੌਹਾਨ ਤੇ ਉਸਦੇ ਜੀਵਨ ਤੇ ਸ਼ਾਸਨ-ਕਾਲ ਬਾਰੇ ਅਤੇ 'ਮੁਦਰਾਰਕਸ਼ਸ' ਵਿੱਚੋਂ ਨੰਦ ਵੰਸ਼ ਦੇ ਪਤਨ ਅਤੇ ਚੰਦਰ ਗੁਪਤ ਮੌਰੀਆ ਦੇ ਉਦੈ ਸੰਬੰਧੀ ਵਰਨਣ ਹੋਇਆ ਮਿਲਦਾ ਹੈ। ਅਸਲ ਵਿੱਚ ਉਪਰੋਕਤ ਵਰਣਿਤ ਲਿਖਤਾਂ ਪ੍ਰਾਚੀਨ ਭਾਰਤ ਦਾ ਇਤਿਹਾਸ-ਲੇਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

ਪ੍ਰਾਚੀਨ ਕਾਲ ਵਿੱਚ ਸੰਸਕ੍ਰਿਤ ਭਾਸ਼ਾ ਵਿੱਚ ਲਿਖੇ ਗਏ ਕਈ ਕਾਵਿ-ਨਾਟਕਾਂ ਅਤੇ ਗਲਪ ਸਾਹਿਤ ਵਿੱਚ ਬਹੁਤ ਸਾਰੀ ਉਪਯੋਗੀ ਇਤਿਹਾਸਿਕ ਸਮੱਗਰੀ (ਵਿਸ਼ੇਸ਼ ਰੂਪ ਨਾਲ ਸਮਾਜਿਕ, ਸੰਸਕ੍ਰਿਤਕ ਅਤੇ ਆਰਥਿਕ ਜੀਵਨ 'ਤੇ) ਪ੍ਰਾਪਤ ਹੁੰਦੀ ਹੈ। ਪ੍ਰਸਿੱਧ ਨਾਟਕਕਾਰ ਕਾਲੀਦਾਸ ਦੀ ਪੁਸਤਕ 'ਮਾਲਵਿਕਾਗਨੀ ਮਿੱਤਰ' ਵਿੱਚ ਸ਼ੁੰਗ ਵੰਸ਼ ਅਤੇ 'ਅਭਿਗਿਆਨ ਸ਼ੰਕੁੰਤਲਮ' (ਸ਼ਕੁੰਤਲਾ) ਵਿੱਚ ਉਸ ਸਮੇਂ ਦੇ ਸਮਾਜਿਕ ਅਤੇ ਧਾਰਮਿਕ ਜੀਵਨ ਸੰਬੰਧੀ ਮਹੱਤਵਪੂਰਣ ਜਾਣਕਾਰੀ ਪ੍ਰਾਪਤ ਹੁੰਦੀ ਹੈ। ਹਰਸ਼ਵਰਧਨ ਨੇ ਆਪ ਤਿੰਨ ਨਾਟਕਾਂ- 'ਰਤਨਾਵਲੀ', 'ਪ੍ਰਿਯਦਰਸ਼ਿਕਾ' ਅਤੇ 'ਨਾਗਾਨੰਦ' ਦੀ ਰਚਨਾ ਕੀਤੀ। ਇਹ ਗ੍ਰੰਥ ਤਤਕਾਲੀਨ ਰਾਜਸੀ ਸਾਜ਼ਸ਼ਾਂ 'ਤੇ ਰੌਸ਼ਨੀ ਪਾਉਂਦੇ ਹਨ। ਦੰਡੀ ਦੀ 'ਦਸ਼ਕੁਮਾਰ ਚਰਿਤ' ਅਤੇ 'ਅਵੰਤ ਸੁੰਦਰੀ ਕਥਾ', ਭਾਸ਼ ਦਾ 'ਸ਼ਵਪਨ-ਵਾਸਵਦੱਤਾ' ਅਤੇ 'ਪ੍ਰਤਿਗਿਆ ਯੋਗਧਰਾਇਣ' ਵੀ ਇਤਿਹਾਸਿਕ ਦ੍ਰਿਸ਼ਟੀ ਤੋਂ ਮਹੱਤਵਪੂਰਨ ਹਨ।[4]

ਪ੍ਰਸਿੱਧ ਇਤਿਹਾਸਕਾਰ ਆਰ.ਸੀ. ਮਜ਼ੂਮਦਾਰ ਅਨੁਸਾਰ, "ਅਸਲ ਵਿੱਚ 'ਰਾਜਤਰੰਗਿਣੀ' ਨੂੰ ਹੀ ਕੇਵਲ ਮਾਤਰ ਪ੍ਰਾਚੀਨ ਭਾਰਤ 'ਤੇ ਲਿਖਿਆ ਗਿਆ ਸ਼ੁੱਧ ਇਤਿਹਾਸਿਕ ਗ੍ਰੰਥ ਮੰਨਿਆ ਜਾਂਦਾ ਹੈ।"[5]

ਚੰਦਰ ਗੁਪਤ ਮੌਰੀਆ ਦੇ ਰਾਜਨੀਤਿਕ ਉਸਤਾਦ/ਗੁਰੂ ਕੌਟੱਲਿਆ (ਚਾਣਕਯ) ਰਚਿਤ ਪੁਸਤਕ 'ਅਰਥ ਸ਼ਾਸਤਰ' ਵਿੱਚੋਂ ਮੌਰੀਆ ਸ਼ਾਸਨ-ਪ੍ਰਣਾਲੀ, ਜਾਸੂਸੀ ਪ੍ਰਬੰਧ, ਯੁੱਧ-ਵਿਧੀਆਂ, ਅਰਥ-ਵਿਵਸਥਾ, ਰਾਜਿਆਂ ਦੇ ਕਰਤੱਵਾਂ, ਸਿੰਚਾਈ ਦੇ ਸਾਧਨਾਂ ਦੇ ਵਿਕਾਸ ਅਤੇ ਮੰਤਰੀਆਂ ਦੀ ਨਿਯੁਕਤੀ ਬਾਰੇ ਜਾਣਕਾਰੀ ਹਾਸਿਲ ਹੁੰਦੀ ਹੈ। ਇਸ ਤੋਂ ਇਲਾਵਾ ਵਿਦੇਸ਼ੀ ਯਾਤਰੀਆਂ ਦੇ ਬਿਰਤਾਂਤ ਜਿਵੇਂ ਯੂਨਾਨੀ ਇਤਿਹਾਸਕਾਰ Herodotus ਦੀ ਪੁਸਤਕ 'Histories' ਵਿੱਚ ਉੱਤਰ-ਪੱਛਮੀ ਭਾਰਤ ਦਾ ਪ੍ਰਦੇਸ਼ 'ਡੇਰੀਅਸ' ਦੇ ਰਾਜ ਦਾ ਭਾਗ ਹੋਣ ਬਾਰੇ ਪਤਾ ਲੱਗਦਾ ਹੈ। ਸੈਲਉਕਿਸ ਦੇ ਰਾਜਦੂਤ ਮੈਗਸਥਨੀਜ਼ ਰਚਿਤ ਪੁਸਤਕ 'ਇੰਡੀਕਾ' ਵਿੱਚੋਂ ਸਮਰਾਟ ਚੰਦਰ ਗੁਪਤ ਮੌਰੀਆ, ਰਾਜਧਾਨੀ ਪਾਟਲੀਪੁੱਤਰ (ਪਟਨਾ),

[4] ਉਹੀ, ਪੰਨਾ 45

[5] R.C. Majumdar (General Editor), *The History and Culture of the Indian People: The Vedic Age*, Vol. I, Bharatiya Vidya Bhavan, Mumbai, 2017, p. 49

**International Journal of Research in Economics and Social Sciences(IJRESS)**
Available online at: http://euroasiapub.org
Vol. 13 Issue 6, June- 2023
ISSN(o): 2249-7382 | Impact Factor: 8.018 **Thomson Reuters Researcher ID: L-5236-2015**
**(An open access scholarly, peer-reviewed, interdisciplinary, monthly, and fully refereed journal.)**

ਮੌਰੀਆ ਸ਼ਾਸਨ ਪ੍ਰਬੰਧ ਅਤੇ ਤਤਕਾਲੀਨ ਸਮਾਜਿਕ ਵਿਵਸਥਾ ਬਾਰੇ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਚੀਨੀ ਯਾਤਰੀਆਂ ਦੇ ਬਿਰਤਾਂਤ ਵੀ ਪ੍ਰਾਚੀਨ ਭਾਰਤ ਦਾ ਇਤਿਹਾਸ-ਲੇਖਣ ਵਿੱਚ ਅਹਿਮੀਅਤ ਰੱਖਦੇ ਹਨ। 'ਫਾਹੀਯਾਨ' ਚੀਨੀ ਯਾਤਰੀ ਚੰਦਰਗੁਪਤ ਵਿਕ੍ਰਮਾਦਿੱਤ ਦੇ ਸਮੇਂ ਭਾਰਤ ਆਇਆ ਸੀ। ਉਸਨੇ ਆਪਣੇ ਬਿਰਤਾਂਤ ਵਿੱਚ ਪਾਟਲੀਪੁੱਤਰ ਦੇ ਦੋ ਬੋਧੀ ਮੱਠਾਂ, ਅਸ਼ੋਕ ਦੇ ਸੁੰਦਰ ਮਹਿਲ, ਉਦਾਰ ਤੇ ਹਿਤੈਸ਼ੀ ਸਰਦਾਰ, ਭਾਰਤੀਆਂ ਦੇ ਖ਼ੁਸ਼ਹਾਲ ਅਤੇ ਸ਼ਾਕਾਹਾਰੀ ਆਦਿ ਹੋਣ ਦਾ ਵਰਨਣ ਕੀਤਾ ਹੈ। ਉਸ ਤੋਂ ਬਾਅਦ ਦੂਜਾ 'ਹਿਊਨਸਾਂਗ' ਵੀ ਪ੍ਰਸਿੱਧ ਚੀਨੀ ਯਾਤਰੀ ਸੀ, ਜਿਹੜਾ ਹਰਸ਼ਵਰਧਨ ਦੇ ਸ਼ਾਸਨ-ਕਾਲ ਵਿੱਚ ਭਾਰਤ ਆਇਆ ਸੀ, ਉਸਨੇ ਆਪਣੀ ਪੁਸਤਕ 'ਸੀ-ਯੂ-ਕੀ' ਵਿੱਚ ਹਰਸ਼-ਕਾਲ ਦੇ ਭਾਰਤ ਦੇ ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਸਰੂਪ ਦਾ ਵਰਨਣ ਕੀਤਾ ਹੈ। ਤੀਸਰਾ ਚੀਨੀ ਯਾਤਰੀ 'ਇਤਸਿੰਗ' ਵੀ ਸੱਤਵੀਂ ਸਦੀ ਦੇ ਅੰਤ ਵਿੱਚ ਭਾਰਤ ਆਇਆ ਸੀ। ਉਸਨੇ ਉਸ ਵੇਲੇ ਦੇ ਭਾਰਤੀ ਸਮਾਜਿਕ-ਜੀਵਨ ਬਾਰੇ ਬਹੁਤ ਸਾਰੀ ਜਾਣਕਾਰੀ ਦਿੱਤੀ ਹੈ।

ਚੀਨੀ ਯਾਤਰੀਆਂ ਤੋਂ ਇਲਾਵਾ ਮੁਸਲਮਾਨ ਯਾਤਰੀਆਂ ਦੁਆਰਾ ਰਚੀਆਂ ਰਚਨਾਵਾਂ ਵਿੱਚੋਂ ਵੀ ਭਾਰਤ ਦੇ ਪ੍ਰਾਚੀਨ ਇਤਿਹਾਸ ਬਾਰੇ ਕਾਫ਼ੀ ਜਾਣਕਾਰੀ ਮਿਲਦੀ ਹੈ ਕਿਉਂਕਿ ਭਾਰਤ ਵਿੱਚ ਅੱਠਵੀਂ ਸਦੀ ਵਿੱਚ ਅਰਬਾਂ ਅਤੇ ਗਿਆਰ੍ਹਵੀਂ ਸਦੀ ਵਿੱਚ ਤੁਰਕਾਂ ਦੇ ਹਮਲਿਆਂ ਦੇ ਕਾਰਨ ਵਿਦੇਸ਼ੀ ਮੁਸਲਮਾਨ ਵਿਦਵਾਨਾਂ ਨੇ ਵੀ ਭਾਰਤ ਦੇ ਨਾਲ ਸੰਬੰਧਾਂ ਬਾਰੇ ਲਿਖਣਾ ਸ਼ੁਰੂ ਕੀਤਾ। ਸੁਲੇਮਾਨ ਨੌਵੀਂ ਸਦੀ ਦੇ ਮੱਧ ਵਿੱਚ ਭਾਰਤ ਆਇਆ। ਉਸਦਾ ਪਲ ਅਤੇ ਗੁਰਜਰ-ਪ੍ਰਤੀਹਾਰ ਸ਼ਾਸਕਾਂ ਦੇ ਬਾਰੇ ਵਿੱਚ ਬਿਰਤਾਂਤ ਵਰਣਨਯੋਗ ਹੈ। ਅਲਮਸੂਦੀ 10ਵੀਂ ਸਦੀ ਵਿੱਚ (941 ਤੋਂ 943 ਈ. ਤੱਕ ਭਾਰਤ ਵਿੱਚ ਰਿਹਾ) ਭਾਰਤ ਆਇਆ। ਉਸਨੇ ਰਾਸ਼ਟਰਕੂਟ ਸ਼ਾਸਕਾਂ ਦੇ ਬਾਰੇ ਵਿੱਚ ਜਾਣਕਾਰੀ ਦਿੱਤੀ। ਅਬੁਜਇਦ ਦੇ ਵਰਨਣ ਤੋਂ ਸਾਨੂੰ ਭਾਰਤ ਅਤੇ ਪੂਰਬੀ ਦੇਸ਼ਾਂ ਦੇ ਆਪਸ ਵਿਚਲੇ ਵਿਉਪਾਰਕ ਸੰਬੰਧਾਂ ਬਾਰੇ ਜਾਣਕਾਰੀ ਮਿਲਦੀ ਹੈ। ਮੁਸਲਮਾਨ ਯਾਤਰੀਆਂ ਵਿੱਚ ਸਭ ਤੋਂ ਮਹੱਤਵਪੂਰਨ ਅਲਬੇਰੂਨੀ ਸੀ, ਜੋ ਕਿ ਮਹਿਮੂਦ ਗਜ਼ਨਵੀ ਦੇ ਭਾਰਤ ਦੇ ਹਮਲੇ ਸਮੇਂ ਉਸਦੇ ਨਾਲ ਆਇਆ ਸੀ। ਉਸਨੂੰ ਅਰਬੀ ਅਤੇ ਸੰਸਕ੍ਰਿਤ ਭਾਸ਼ਾ ਦਾ ਬਹੁਤ ਚੰਗਾ ਗਿਆਨ ਸੀ। ਉਸਨੇ ਆਪਣੀ ਪੁਸਤਕ 'ਤਹਿਕੀਕ ਏ ਹਿੰਦ' ਵਿੱਚ ਭਾਰਤ ਦੇ ਰਾਜਨੀਤਿਕ, ਸਮਾਜਿਕ, ਧਾਰਮਿਕ ਅਵਸਥਾ ਦੇ ਇਲਾਵਾ ਇਸ ਦੇਸ਼ ਦੇ ਭੂਗੋਲ, ਦਰਸ਼ਨ, ਜੋਤਿਸ਼ ਆਦਿ ਦੇ ਸੰਬੰਧ ਵਿੱਚ ਲਿਖਿਆ ਹੈ।[6]

2. **ਪੁਰਾਤੱਤਵੀ ਸ੍ਰੋਤ-** ਪ੍ਰਾਚੀਨ ਭਾਰਤ ਦਾ ਇਤਿਹਾਸ-ਲੇਖਣ ਵਿੱਚ ਪੁਰਾਤੱਤਵ ਨਾਲ ਸੰਬੰਧਿਤ ਸ੍ਰੋਤਾਂ ਵਿੱਚ ਤਤਕਾਲੀਨ ਸਿੱਕੇ, ਖੁਦੇ ਹੋਏ ਮਿਲਦੇ ਲੇਖ-ਅਭਿਲੇਖ, ਸਮਾਰਕ, ਭਵਨ/ਮੰਦਰ, ਮੂਰਤੀਆਂ, ਵੱਖ-ਵੱਖ ਥਾਵਾਂ ਤੋਂ ਪ੍ਰਾਪਤ ਸੱਭਿਅਤਾ ਦੇ ਅਵਸ਼ੇਸ਼ (ਮਿੱਟੀ ਦੇ ਭਾਂਡੇ, ਮੋਹਰਾਂ, ਗਹਿਣੇ, ਖੰਡਰ, ਹੱਡੀਆਂ ਦੇ ਢਾਂਚੇ) ਅਤੇ ਅਸਤਰਾਂ-ਸ਼ਸਤਰਾਂ 'ਤੇ ਖੁਣੇ/ਉੱਕਰੇ ਚਿੱਤਰ ਅਤੇ ਸ਼ਬਦ ਆਦਿ ਆਉਂਦੇ ਹਨ। ਇਨ੍ਹਾਂ ਪੁਰਾਤੱਤਵ ਸ੍ਰੋਤਾਂ ਤੋਂ ਪ੍ਰਾਪਤ ਜਾਣਕਾਰੀ ਨੂੰ ਪ੍ਰਾਚੀਨ ਭਾਰਤ ਦਾ ਇਤਿਹਾਸ ਲਿਖਣ ਵਾਲੇ ਆਧੁਨਿਕ ਵਿਦਵਾਨਾਂ/ਇਤਿਹਾਸਕਾਰਾਂ ਨੇ ਵਧੇਰੇ ਮਹੱਤਤਾ ਦਿੱਤੀ ਹੈ ਕਿਉਂਕਿ ਪੂਰਵ-ਇਤਿਹਾਸਿਕ ਕਾਲ ਦੇ ਬਾਰੇ ਜਾਣਕਾਰੀ ਦੇਣ ਵਾਲਾ ਕੋਈ ਲਿਖਤ-ਸ੍ਰੋਤ ਨਹੀਂ ਮਿਲਦਾ। ਦੂਜਾ ਤਤਕਾਲੀਨ ਲਿਖਤ ਸਮੱਗਰੀ ਜਿਵੇਂ ਸਿੰਧੂ ਘਾਟੀ ਦੀ ਸੱਭਿਅਤਾ ਦੀਆਂ ਪ੍ਰਾਪਤ ਮੋਹਰਾਂ 'ਤੇ ਅੰਕਿਤ ਚਿੱਤਰ-ਲਿਪੀ ਨੂੰ ਇਤਿਹਾਸਕਾਰ ਅਜੇ ਤੱਕ ਪੜ੍ਹਨ ਤੋਂ ਅਸਮਰੱਥ ਰਹੇ ਹਨ। ਤੀਜਾ ਸਾਹਿਤਕ ਅਤੇ ਹੋਰਨਾਂ ਸੋਮਿਆਂ ਤੋਂ ਪ੍ਰਾਪਤ ਜਾਣਕਾਰੀ ਨੂੰ ਪ੍ਰਮਾਣਿਤ ਕਰਨ ਲਈ ਪੁਰਾਤੱਤਵ-ਸਮੱਗਰੀ ਵਧੇਰੇ ਲਾਹੇਵੰਦ ਹੁੰਦੀ ਹੈ।

ਤਤਕਾਲੀਨ ਪ੍ਰਾਪਤ ਸਿੱਕਿਆਂ ਤੋਂ ਸੰਬੰਧਿਤ ਰਾਜਿਆਂ ਦੇ ਨਾਵਾਂ, ਰਾਜੇ ਤੇ ਉਸਦੇ ਰਾਜਕਾਲ ਬਾਰੇ, ਰਾਜਕਾਲ

---

[6] ਐਸ.ਪੀ. ਸਭੱਰਵਾਲ, *ਪ੍ਰਾਚੀਨ ਭਾਰਤ ਦਾ ਇਤਿਹਾਸ,* ਕੇ. ਦੁੱਗਲ ਐਂਡ ਕੋ ਐਜੂਕੇਸ਼ਨਲ ਪਬਲਿਸ਼ਰਜ਼, ਜਲੰਧਰ, 2017, ਪੰਨਾ 47

**International Journal of Research in Economics and Social Sciences(IJRESS)**
Available online at: http://euroasiapub.org
Vol. 13 Issue 6, June- 2023
ISSN(o): 2249-7382 | Impact Factor: 8.018 **Thomson Reuters Researcher ID: L-5236-2015**
**(An open access scholarly, peer-reviewed, interdisciplinary, monthly, and fully refereed journal.)**

ਦੇ ਵਿਸਥਾਰ ਬਾਰੇ, ਸੰਬੰਧਿਤ ਰਾਜੇ ਦੇ ਸ਼ਾਸਨ-ਕਾਲ ਦੀ ਆਰਥਿਕ ਵਿਵਸਥਾ ਅਤੇ ਵਪਾਰ ਬਾਰੇ ਅੰਦਾਜ਼ਾ ਲਗਾ ਸਕਦੇ ਹਾਂ ਅਤੇ ਸੰਬੰਧਿਤ ਸ਼ਾਸਨ-ਕਾਲ ਦੇ ਧਾਤੂ-ਗਿਆਨ, ਮੂਰਤੀ ਕਲਾ, ਲੇਖਣ-ਸ਼ੈਲੀ ਅਤੇ ਦੇਵਤਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਮਿਲਦੀ ਹੈ। ਜਿਵੇਂ ਚੰਦਰਗੁਪਤ ਦੂਜੇ ਦੇ ਕਾਲ ਦੇ ਪ੍ਰਾਪਤ ਸਿੱਕਿਆਂ 'ਤੇ ਉਸਨੂੰ ਸ਼ੇਰ ਦਾ ਸ਼ਿਕਾਰ ਕਰਦੇ ਹੋਏ, ਘੋੜ-ਸਵਾਰੀ ਕਰਦੇ ਹੋਏ ਅਤੇ ਗੁਪਤਕਾਲ ਦੇ ਸਿੱਕਿਆਂ 'ਤੇ ਦੇਵੀ-ਦੇਵਤਿਆਂ ਦੇ ਚਿੱਤਰ ਅੰਕਿਤ ਹੋਏ ਦ੍ਰਿਸ਼ਟੀਗੋਚਰ ਹੁੰਦੇ ਹਨ।

ਮੱਧ ਪ੍ਰਦੇਸ਼ ਦੇ ਸਾਂਗਰ ਜ਼ਿਲ੍ਹੇ ਵਿੱਚ ਸਥਿਤ ਏਰਵ ਤੋਂ 3268 ਸਿੱਕੇ, ਆਂਧਰਾ ਦੇ ਗੰਟੂਰ ਜ਼ਿਲ੍ਹੇ ਵਿੱਚ ਅਮਰਾਵਤੀ ਤੋਂ 8000 ਸਿੱਕੇ, ਗੰਟੂਰ ਜ਼ਿਲ੍ਹੇ ਦੇ ਓਂਗੋਲ ਤਲੁਕੇ ਤੋਂ ਨਾਗਾਰੁਜਨ ਕੋਂਡ ਦੇ ਇਕਸ਼ਵਾਕੂ ਰਾਜਿਆਂ ਦੇ 277 ਸਿੱਕੇ, ਉੱਤਰ ਪ੍ਰਦੇਸ਼ ਦੇ ਆਜ਼ਮਗੜ੍ਹ ਜ਼ਿਲ੍ਹੇ ਵਿੱਚ ਕੁਸ਼ਾਣਾਂ ਦੇ 110 ਸਿੱਕੇ, ਵਿਆਨਾ ਵਿੱਚ ਗੁਪਤ ਸ਼ਾਸਕਾਂ ਦੇ 1821 ਸੋਨੇ ਦੇ ਸਿੱਕਿਆਂ ਦਾ ਭੰਡਾਰ ਮਿਲਿਆ ਹੈ। ਸਿੱਕਿਆਂ ਤੋਂ ਇਲਾਵਾ ਭਿੰਨ-ਭਿੰਨ ਗੁਫ਼ਾਵਾਂ, ਚੱਟਾਨਾਂ, ਸਤੰਭਾਂ/ਸਤੂਪਾਂ ਅਤੇ ਧਾਤੂਆਂ ਦੇ ਪੱਤਰਿਆਂ 'ਤੇ ਅੰਕਿਤ ਅਭਿਲੇਖਾਂ ਤੋਂ ਵੀ ਸਾਨੂੰ ਬਹੁਤ ਸਾਰੀ ਪ੍ਰਾਚੀਨ ਭਾਰਤ ਦੇ ਇਤਿਹਾਸ ਸੰਬੰਧੀ ਉਪਯੋਗੀ ਸਮੱਗਰੀ ਹਾਸਿਲ ਹੁੰਦੀ ਹੈ। ਜਿਵੇਂ ਸਮਰਾਟ ਅਸ਼ੋਕ ਦੇ ਸ਼ਾਸਨ ਪ੍ਰਬੰਧ, ਰਾਜਸੀ ਸਿਧਾਂਤਾਂ, ਧਾਰਮਿਕ ਉਪਦੇਸ਼ਾਂ, ਭਾਸ਼ਾ ਤੇ ਲਿਪੀ, ਭਵਨ ਤੇ ਚਿੱਤਰਕਲਾ ਆਦਿ ਬਾਰੇ ਭਰੋਸੇਯੋਗ ਜਾਣਕਾਰੀ, ਉਸਦੇ ਸ਼ਾਹਬਾਜ਼ ਸੜ੍ਹੀ, ਧੌਲੀ, ਸਾਰਨਾਥ, ਸਾਂਚੀ, ਮੇਰਠ ਅਤੇ ਹੋਰਨਾਂ ਸਥਾਨਾਂ ਤੋਂ ਪ੍ਰਾਪਤ ਅਭਿਲੇਖਾਂ ਤੋਂ ਹੀ ਪ੍ਰਾਪਤ ਹੁੰਦੀ ਹੈ।

ਅਭਿਲੇਖਾਂ ਤੋਂ ਬਿਨਾਂ ਪੁਰਾਤੱਤਵੀ ਸਮਾਰਕਾਂ/ਭਵਨਾਂ ਵਿੱਚ ਵਰਤੀ ਸਮੱਗਰੀ ਅਤੇ ਭਵਨ ਨਿਰਮਾਣ ਸ਼ੈਲੀ ਤੋਂ ਵੀ ਪ੍ਰਾਚੀਨ ਭਾਰਤ ਦੀ ਭਵਨ-ਕਲਾ ਅਤੇ ਚਿੱਤਰ-ਕਲਾ ਸ਼ੈਲੀ ਬਾਰੇ ਵਧੇਰੇ ਗਿਆਨ ਹਾਸਿਲ ਹੁੰਦਾ ਹੈ। ਇਸ ਸੰਦਰਭ ਵਿੱਚ ਉੱਤਰੀ ਭਾਰਤ ਦੇ ਮੰਦਰਾਂ ਦੀ ਨਾਗਰ ਸ਼ੈਲੀ ਅਤੇ ਦੱਖਣੀ ਭਾਰਤ ਦੇ ਮੰਦਰਾਂ ਦੀ ਦ੍ਰਾਵਿੜ ਸ਼ੈਲੀ ਨੂੰ ਵੇਖਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਸਮਾਰਕਾਂ/ਮੰਦਰਾਂ ਤੋਂ ਲੋਕਾਂ ਦੇ ਧਾਰਮਿਕ ਵਿਸ਼ਵਾਸਾਂ, ਪਰੰਪਰਾਵਾਂ, ਦੇਵੀ-ਦੇਵਤਿਆਂ ਅਤੇ ਉਨ੍ਹਾਂ ਦੀਆਂ ਪੂਜਾ-ਵਿਧੀਆਂ ਦੇ ਨਾਲ-ਨਾਲ ਇਤਿਹਾਸ ਦਾ ਕਾਲ-ਨਿਰਧਾਰਨ ਨਿਸ਼ਚਿਤ ਕਰਨ ਵਿੱਚ ਵੀ ਬਹੁਤ ਮਦਦ ਮਿਲਦੀ ਹੈ।

ਇਸੇ ਤਰ੍ਹਾਂ ਹੜੱਪਾ, ਮਹਿੰਜੋਦੜੋ ਅਤੇ ਸਿੰਧ ਘਾਟੀ ਨਾਲ ਸੰਬੰਧਿਤ ਹੋਰਨਾਂ ਸਥਾਨਾਂ ਤੋਂ ਪ੍ਰਾਪਤ ਤਾਂਬੇ ਦੀਆਂ ਮੂਰਤੀਆਂ ਅਤੇ ਭਾਰਤ ਦੇ ਹੋਰਨਾਂ ਖੇਤਰਾਂ ਵਿੱਚ ਪ੍ਰਾਪਤ ਭਿੰਨ-ਭਿੰਨ ਦੇਵਤਿਆਂ, ਪਸ਼ੂ-ਪੰਛੀਆਂ, ਨਰਤਕੀਆਂ ਦੀਆਂ ਮੂਰਤੀਆਂ ਤੋਂ ਸੰਬੰਧਿਤ ਕਾਲ ਦੀ ਵੇਸ਼-ਭੂਸ਼ਾ ਅਤੇ ਕਲਾ-ਸ਼ੈਲੀ ਦਾ ਪਤਾ ਲੱਗਦਾ ਹੈ।

ਸਪੱਸ਼ਟ ਹੈ ਕਿ ਉਪਰੋਕਤ ਵਰਣਿਤ ਦੋਵੇਂ ਪ੍ਰਕਾਰੀ ਸ੍ਰੋਤ (ਸਾਹਿਤਕ ਅਤੇ ਪੁਰਾਤੱਤਵੀ) ਪ੍ਰਾਚੀਨ ਭਾਰਤ ਦੇ ਇਤਿਹਾਸ-ਲੇਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਦ੍ਰਿਸ਼ਟੀਗੋਚਰ ਹੁੰਦੇ ਹਨ।

**ਸਿੱਟਾ:-** ਮਨੁੱਖ ਦੇ ਜਨਮ ਤੋਂ 10ਵੀਂ ਸਦੀ ਤੱਕ ਭਾਰਤ ਵਿੱਚ ਜੋ ਵੀ ਰਾਜਸੀ, ਸਮਾਜਿਕ ਤੇ ਧਾਰਮਿਕ ਪੱਧਰ 'ਤੇ ਵਾਪਰਿਆ, ਉਸਨੂੰ ਲਿਖਤੀ ਰੂਪ ਵਿੱਚ ਬਿਰਤਾਂਤ ਵਿੱਚ ਘੜ ਕੇ ਕਾਲ-ਕ੍ਰਮ ਅਨੁਸਾਰ ਬਿਆਨਣਾ ਪ੍ਰਾਚੀਨ ਭਾਰਤ ਦਾ ਇਤਿਹਾਸ ਅਖਵਾਉਂਦਾ ਹੈ। ਪ੍ਰਾਚੀਨ ਭਾਰਤ ਦਾ ਇਤਿਹਾਸ ਲਿਖਣ ਵਿੱਚ ਵਰਤਿਆ ਜਾਣ ਵਾਲਾ ਮੁੱਢਲਾ ਸ੍ਰੋਤ ਰਿਗਵੇਦ ਹੈ। ਉਪਨਿਸ਼ਦ, ਵੇਦਾਂਗ, ਸਮ੍ਰਿਤੀਆਂ, ਮਹਾਂਕਾਵਿ (ਰਮਾਇਣ ਤੇ ਮਹਾਂਭਾਰਤ) ਤੇ ਪੁਰਾਣਾਂ ਤੋਂ ਵੀ ਸਾਨੂੰ ਪ੍ਰਾਚੀਨ ਭਾਰਤ ਦੇ ਧਾਰਮਿਕ-ਸਮਾਜਿਕ ਜੀਵਨ ਤੇ ਪ੍ਰਮੁੱਖ ਰਾਜ-ਵੰਸ਼ਾਂ ਬਾਰੇ ਤੇ ਉਨ੍ਹਾਂ ਦੀ ਸ਼ਾਸਨ ਵਿਵਸਥਾ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਤੋਂ ਇਲਾਵਾ ਬੋਧੀ ਗ੍ਰੰਥਾਂ, ਅਸ਼ਟਾਧਿਆਇ, ਰਾਜਤਰੰਗਿਣੀ, ਪ੍ਰਿਥਵੀ ਰਾਜ ਰਾਸੋ ਤੇ ਅਰਥ ਸ਼ਾਸਤਰ ਵਰਗੀਆਂ ਰਚਨਾਵਾਂ ਵੀ ਪ੍ਰਾਚੀਨ ਭਾਰਤ ਦਾ ਇਤਿਹਾਸ ਲੇਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਚੀਨੀ-ਯਾਤਰੀਆਂ ਅਤੇ ਮੁਸਲਮਾਨ ਯਾਤਰੀਆਂ ਦੇ

**International Journal of Research in Economics and Social Sciences(IJRESS)**
Available online at: http://euroasiapub.org
Vol. 13 Issue 6, June- 2023
ISSN(o): 2249-7382 | Impact Factor: 8.018 **Thomson Reuters Researcher ID: L-5236-2015**
**(An open access scholarly, peer-reviewed, interdisciplinary, monthly, and fully refereed journal.)**

ਬਿਰਤਾਂਤ ਵੀ ਪ੍ਰਮੁੱਖ ਸ੍ਰੋਤਾਂ ਦੇ ਅਧੀਨ ਹੀ ਆਉਂਦੇ ਹਨ। ਪੁਰਾਤੱਤਵ ਸੋਮਿਆਂ ਵਿੱਚ ਤਤਕਾਲੀਨ ਸਿੱਕੇ, ਖੁਦੇ ਹੋਏ ਲੇਖਾਂ-ਅਭਿਲੇਖਾਂ, ਮੂਰਤੀਆਂ, ਸਮਾਰਕਾਂ/ਭਵਨਾਂ 'ਤੇ ਖੁਣੀ ਚਿੱਤਰਕਾਰੀ ਅਤੇ ਧਰਤੀ ਦੀ ਹਿੱਕ ਤੋਂ ਪ੍ਰਾਪਤ ਅਵਸ਼ੇਸ਼ਾਂ ਵਿੱਚੋਂ ਵੀ ਪ੍ਰਾਚੀਨ ਭਾਰਤ ਦਾ ਇਤਿਹਾਸ ਲੇਖਣ ਵਿੱਚ ਬਹੁਤ ਮਦਦ ਮਿਲੀ ਹੈ।